# ਇਕਬਾਲ ਰਾਮੂਵਾਲੀਆ ਕਾਵਿ : ਉੱਤਰ-ਆਧੁਨਕ ਪਰਿਪੇਖ
## (ਇਕ ਅਧਿਐਨ)

ਜਗਬੀਰ ਸਿੰਘ*

ਇਕਬਾਲ ਰਾਮੂਵਾਲੀਆ ਪੰਜਾਬੀ ਦੇ ਉਨ੍ਹਾਂ ਉੱਘੇ ਪ੍ਰਵਾਸੀ ਸ਼ਾਇਰਾਂ ਵਿਚੋਂ ਹੈ ਜਿਨ੍ਹਾਂ ਨੇ ਆਪਣੀ ਵਿਲੱਖਣ ਭਾਂਤ ਦੀ ਕਾਵਿ-ਸਿਰਜਣਾ ਰਾਹੀਂ ਅਜੋਕੇ ਦੌਰ ਵਿਚ ਵਿਕਸਿਤ ਹੋ ਰਹੀ ਵਿਸ਼ਵ ਪੰਜਾਬੀ ਕਵਿਤਾ ਦਾ ਮੁਹਾਂਦਰਾ ਉਲੀਕਣ ਦਾ ਉਪਰਾਲਾ ਕੀਤਾ ਹੈ। ਉਸਦੇ ਹੁਣ ਤਕ ਪੰਜ ਕਾਵਿ-ਸੰਗ੍ਰਹਿ – ਸੁਲਘਦੇ ਅਹਿਸਾਸ (1973), ਕੁਝ ਵੀ ਨਹੀਂ (1984), ਪਾਣੀ ਦਾ ਪ੍ਰਛਾਵਾਂ (1985), ਕਵਿਤਾ ਮੈਨੂੰ ਲਿਖਦੀ ਹੈ (1995) ਅਤੇ ਪਲੰਘ ਪੰਘੂੜਾ (2000) – ਪ੍ਰਕਾਸ਼ਿਤ ਹੋ ਚੁੱਕੇ ਹਨ। ਲਗਭਗ ਤੀਹ ਵਰ੍ਹਿਆਂ ਦੇ ਵਿਸਤਾਰ ਵਿਚ ਫੈਲੇ ਹੋਏ ਇਨ੍ਹਾਂ ਕਾਵਿ-ਸੰਗ੍ਰਹਿਆਂ ਵਿਚ ਇਕਬਾਲ ਦੀ ਸ਼ਾਇਰੀ ਆਵਾਸ ਅਤੇ ਪ੍ਰਵਾਸ ਦੀਆਂ ਬਦਲਦੀਆਂ ਹੋਈਆਂ ਪਰਿਸਥਿਤੀਆਂ ਦੇ ਅਨੁਰੂਪ ਵਿਗਾਸ ਦੀ ਸੁਭਾਵਕ ਗਤੀ ਥਾਣੀ ਲੰਘਦੀ ਹੈ। ਮੁੱਖ ਤੌਰ ਤੇ ਇਸ ਵਿਕਾਸ-ਰੁਖ਼ ਨੂੰ ਦੋ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ – ਪ੍ਰਗਤੀਵਾਦੀ/ਜੁਝਾਰ ਕਵਿਤਾ ਅਤੇ ਉੱਤਰ-ਆਧੁਨਿਕ ਸੰਵੇਦਨਾ ਵਾਲੀ ਨਵੀਂ ਸ਼ਾਇਰੀ। ਵਿਸ਼ੈਗਤ ਸਰੋਕਾਰਾਂ ਅਤੇ ਪ੍ਰਗਟਾਉ-ਵਿਧੀ ਦੇ ਪੱਖੋਂ ਉਸਦੇ ਪਹਿਲੇ ਤਿੰਨ ਕਾਵਿ-ਸੰਗ੍ਰਹਿ – ਸੁਲਘਦੇ ਅਹਿਸਾਸ, ਕੁਝ ਵੀ ਨਹੀਂ ਅਤੇ ਪਾਣੀ ਦਾ ਪ੍ਰਛਾਵਾਂ – ਮੂਲਰੂਪ ਵਿਚ ਆਧੁਨਿਕ ਚਿੰਤਨ ਅਤੇ ਚੇਤਨਾ ਨਾਲ ਸੰਬੰਧਿਤ ਹਨ ਜਦੋਂ ਕਿ ਉਸਦੇ ਅਗਲੇਰੇ ਦੋ ਕਾਵਿ-ਸੰਗ੍ਰਹਿ – ਕਵਿਤਾ ਮੈਨੂੰ ਲਿਖਦੀ ਹੈ ਅਤੇ ਪਲੰਘ ਪੰਘੂੜਾ – ਉੱਤਰ-ਆਧੁਨਿਕ ਸਥਿਤੀ ਅਤੇ ਸੋਚ ਦੀ ਤਰਜਮਾਨੀ ਕਰਦੇ ਹਨ। ਇਸ ਤਰ੍ਹਾਂ ਪ੍ਰਗਤੀਵਾਦੀ ਜੀਵਨ-ਦ੍ਰਿਸ਼ਟੀ ਅਤੇ ਕ੍ਰਾਂਤੀਕਾਰੀ ਚੇਤਨਾ ਤੋਂ ਸਫ਼ਰ ਕਰਦੀ ਹੋਈ ਇਹ ਸ਼ਾਇਰੀ ਉੱਤਰ-ਆਧੁਨਿਕ ਸੋਚ ਵਲ ਵਧਦੀ ਹੈ।

ਇਕਬਾਲ ਨੇ ਆਪਣੇ ਕਾਵਿ-ਸਫ਼ਰ ਦੀ ਸ਼ੁਰੂਆਤ 1973 ਵਿਚ ਸੁਲਘਦੇ ਅਹਿਸਾਸ ਕਾਵਿ-ਸੰਗ੍ਰਹਿ ਨਾਲ ਕੀਤੀ ਸੀ। ਇਹ ਉਹ ਦੌਰ ਸੀ ਜਦੋਂ ਪੰਜਾਬ ਅਤੇ ਭਾਰਤ ਵਿਚ ਨਕਸਲਬਾੜੀ ਲਹਿਰ ਦੇ ਪ੍ਰਭਾਵ-ਅਧੀਨ ਹਥਿਆਰ-ਬੰਦ ਕ੍ਰਾਂਤੀ ਦਾ ਸੁਪਨਾ ਲੈਣ ਵਾਲੀ ਨਵ-ਪ੍ਰਗਤੀਵਾਦੀ ਜਾਂ ਜੁਝਾਰ ਕਵਿਤਾ ਦਾ ਬੋਲ ਬਾਲਾ ਸੀ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਮਿਹਨਤਕਸ਼ ਲੋਕਾਂ ਦੇ ਸੰਘਰਸ਼ ਅਤੇ ਸੰਤਾਪ ਨਾਲ ਸੰਵੇਦਨਾ ਦਾ ਰਿਸ਼ਤਾ ਜੋੜਦੀਆਂ ਹਨ ਅਤੇ ਰੋਹ-ਵਿਦਰੋਹ ਨਾਲ ਸੁਲਘਦੇ ਅਹਿਸਾਸ ਨੂੰ ਜ਼ੁਬਾਨ ਦਿੰਦੀਆਂ ਹਨ :

ਅਸੀਂ ਗਰਮੀ ’ਚ ਲੈ ਕੇ ਦਾਤੀਆਂ
ਆਪੇ ਨੂੰ ਵੱਢਦੇ ਹਾਂ,
ਅਤੇ ਪੈ ਕੇ ਮਸ਼ੀਨਾਂ ਵਿੱਚ
ਆਪਣਾ ਆਪ ਛੱਟਦੇ ਹਾਂ,
ਤੇ ਜੋ ਕੁਝ ਮੰਡੀਆਂ ਵਿਚ

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਵਿਕਣ ਆਉਂਦਾ ਹੈ,

ਅਸੀਂ ਖ਼ੁਦ ਆਪ ਹੁੰਦੇ ਹਾਂ।

ਇਨ੍ਹਾਂ ਕਾਵਿ-ਸਤਰਾਂ ਦਾ ਮੁਹਾਵਰਾ ਅਤੇ ਮੁਹਾਂਦਰਾ ਉਸ ਦੌਰ ਦੇ ਪ੍ਰਮੁੱਖ ਨਵ-ਪ੍ਰਗਤੀਵਾਦੀ ਸ਼ਾਇਰ ਪਾਸ਼ ਦੀ ਸਿੱਕੇ-ਬੰਦ ਸ਼ਾਇਰੀ ਦੇ ਪ੍ਰਤਿਮਾਨਾਂ ਨਾਲ ਮੇਲ ਖਾਂਦਾ ਹੈ।

ਨਕਸਲਬਾੜੀ ਲਹਿਰ ਦੇ ਖ਼ਾਤਮੇ ਤੋਂ ਬਾਦ ਇਸ ਲਹਿਰ ਨਾਲ ਜੁੜੇ ਅਨੇਕਾਂ ਸਰਗਰਮ ਅਤੇ ਹਮਦਰਦ ਨੌਜਵਾਨ ਰੋਟੀ ਰੋਜ਼ੀ ਦੀ ਤਲਾਸ਼ ਵਿਚ ਅਮਰੀਕਾ, ਕੈਨੇਡਾ ਅਤੇ ਹੋਰ ਪੱਛਮੀ ਮੁਲਕਾਂ ਵਿਚ ਪ੍ਰਵਾਸ ਕਰ ਗਏ। ਇਨ੍ਹਾਂ ਵਿਚ ਇਕਬਾਲ ਵੀ ਸ਼ਾਮਿਲ ਸੀ। ਕੈਨੇਡਾ ਪਹੁੰਚ ਕੇ ਇਕ ਦਹਾਕੇ ਦੀ ਲੰਮੀ ਚੁੱਪ ਤੋਂ ਬਾਦ 1984 ਵਿਚ ਇਕਬਾਲ ਦਾ ਦੂਸਰਾ ਕਾਵਿ-ਸੰਗ੍ਰਹਿ ਕੁਝ ਵੀ ਨਹੀਂ ਪ੍ਰਕਾਸ਼ਿਤ ਹੋਇਆ ਜਿਸ ਵਿਚ ਬਕੌਲ ਪਾਸ਼ 'ਉਸਦੀਆਂ ਵਿਦੇਸ਼ 'ਚ ਕਮਾਏ ਅਨੁਭਵ ਦੀਆਂ ਕਵਿਤਾਵਾਂ ਸ਼ਾਮਿਲ ਹਨ।' ਪਰ ਉਸਨੇ ਆਪਣੀ ਮਾਤ-ਭੂਮੀ ਅਤੇ ਦੇਸੀ ਰਹਿਤਲ ਦੇ ਅਨੁਭਵੀ ਛਿਣਾਂ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ। ਇਸੇ ਦੌਰਾਨ ਉਸਦਾ ਇਕ ਹੋਰ ਕਾਵਿ-ਸੰਗ੍ਰਹਿ ਪਾਣੀ ਦਾ ਪ੍ਰਛਾਵਾਂ ਪ੍ਰਕਾਸ਼ਿਤ ਹੋਇਆ ਜਿਸ ਵਿਚ ਉਸਨੇ ਫ਼ਿਰਕੂ ਸਿਆਸਤ ਦੀਆਂ ਸ਼ਤਰੰਜੀ ਚਾਲਾਂ ਕਾਰਣ ਪੰਜਾਬ ਵਿਚ ਪੈਦਾ ਹੋਏ ਸਭਿਆਚਾਰਕ ਸੰਕਟ ਅਤੇ ਸੰਤਾਪ ਨੂੰ ਸੰਬੋਧਿਤ ਹੋਣ ਦਾ ਉਪਰਾਲਾ ਕੀਤਾ ਹੈ। ਫ਼ਿਰਕੂ ਜਨੂੰਨ ਅਤੇ ਤਰਕਹੀਣ ਹਿੰਸਾ ਨਾਲ ਗੰਧਲੇ ਹੋਏ ਪੰਜਾਬ ਦੇ ਇਸ ਮਾਹੌਲ ਦਾ ਪ੍ਰਛਾਵਾਂ ਪੰਜਾਬੋਂ ਬਾਹਰ ਵਸਦੇ ਮਿੰਨੀ ਪੰਜਾਬਾਂ ਉੱਤੇ ਵੀ ਪੈਂਦਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਇਸੇ ਸਥਿਤੀ ਵਿਚੋਂ ਉਪਜੀਆਂ ਹਨ। ਇਸ ਤਰ੍ਹਾਂ ਇਨ੍ਹਾਂ ਕਾਵਿ-ਸੰਗ੍ਰਹਿਆਂ ਵਿਚ ਇਕਬਾਲ ਪੰਜਾਬੀ ਸਭਿਆਚਾਰ ਦੇ ਵਿਰਸੇ ਅਤੇ ਵਰਤਮਾਨ ਨਾਲ ਭੌਤਿਕ ਜਾਂ ਭਾਵੁਕ ਤੌਰ ਤੇ ਜੁੜਿਆ ਦਿਖਾਈ ਦਿੰਦਾ ਹੈ। ਪ੍ਰਵਾਸੀ ਜੀਵਨ ਦੇ ਮੁੱਢਲੇ ਜਲਾਵਤਨੀ ਵਰਗੇ ਅਹਿਸਾਸ ਨੂੰ ਮੂਰੀਮਾਨ ਕਰਨ ਦੇ ਨਾਲ ਨਾਲ ਉਹ ਦੇਸੀ ਰਹਿਤਲ ਦੇ ਹੋਂਦ-ਮੁਖੀ ਸਰੋਕਾਰਾਂ ਨਾਲ ਵੀ ਡੂੰਘੀ ਤਰ੍ਹਾਂ ਬਾ-ਵਸਤਾ ਰਹਿੰਦਾ ਹੈ।

1995 ਵਿਚ ਜਦੋਂ ਇਕਬਾਲ ਦਾ ਨਵਾਂ ਕਾਵਿ-ਸੰਗ੍ਰਹਿ ਕਵਿਤਾ ਮੈਨੂੰ ਲਿਖਦੀ ਹੈ ਸਾਮ੍ਹਣੇ ਆਇਆ ਤਾਂ ਪੰਜਾਬੀ ਦੇ ਅਕਾਦਮਿਕ ਹਲਕਿਆਂ ਵਿਚ ਇਕ ਤਰ੍ਹਾਂ ਦਾ ਤਹਿਲਕਾ ਮੱਚ ਗਿਆ। ਕਾਰਣ ਸੀ ਇਸ ਕਾਵਿ-ਪੁਸਤਕ ਦੀ ਅਨੋਖੀ ਰਚਨਾ-ਜੁਗਤ ਅਤੇ ਕਾਵਿ-ਭਾਸ਼ਾ। ਇਸ ਕਾਵਿ-ਪੁਸਤਕ ਵਿਚਲੀ ਸ਼ਾਇਰੀ ਵਿਕਸਿਤ ਸਰਮਾਇਦਾਰੀ ਵਿਵਸਥਾ ਦੇ ਮਸ਼ੀਨੀਕ੍ਰਿਤ ਮਾਹੌਲ ਵਿਚ ਵਿਚ ਮਾਨਵ ਵਿਅਕਤੀ ਦੀ ਦਿਨੋ ਦਿਨ ਵਿਗੱਠਿਤ ਹੋ ਰਹੀ ਸ਼ਖ਼ਸੀਅਤ ਅਤੇ ਅਲੋਪ ਹੁੰਦੀ ਜਾ ਰਹੀ ਸਵੈ-ਪਛਾਣ ਦੇ ਸੰਕਟ ਨੂੰ ਮੂਰਤੀਮਾਨ ਕਰਦੀ ਹੈ। ਮਿਸਾਲ ਵਜੋਂ ਇਸ ਕਾਵਿ-ਪੁਸਤਕ ਦੀਆਂ ਨਿਮਨ-ਅੰਕਿਤ ਸਤਰਾਂ ਪੇਸ਼ ਹਨ :

ਮੈਂ ਅੱਜਕੱਲ੍ਹ ਕਵਿਤਾ ਨਹੀਂ ਲਿਖਦਾ

ਕਿਉਂਕਿ ਕਵਿਤਾ ਅੱਜਕੱਲ੍ਹ

ਮੈਨੂੰ ਲਿਖਣ ਲੱਗ ਪਈ ਹੈ

ਜਿਵੇਂ ਮਸ਼ੀਨਾਂ ਹੁਣ ਮਨੁੱਖਾਂ ਨੂੰ ਚਲਾਉਂਦੀਆਂ ਨੇ

ਘਰਾਂ ਦੇ ਖ਼ਰੀਦਦਾਰਾਂ ਨੂੰ

ਅਸਲ ਵਿਚ ਘਰ ਖ਼ਰੀਦ ਲੈਂਦੇ ਨੇ

ਵਰਦੀਆਂ ਮਨੁੱਖਾਂ ਨੂੰ ਪਹਿਨ ਲੈਂਦੀਆਂ ਨੇ
ਤੇ ਬੰਦੂਕਾਂ ਚਲਾਉਂਦੇ ਲੋਕਾਂ ਨੂੰ
ਅਸਲ ਵਿਚ ਬੰਦੂਕਾਂ ਚਲਾਉਂਦੀਆਂ ਨੇ

ਸੱਚ ਤਾਂ ਇਹ ਹੈ ਕਿ ਕਵਿਤਾ ਮੈਨੂੰ ਲਿਖਦੀ ਹੈ ਵਿਚਲੀ ਸ਼ਾਇਰੀ ਨੇ ਵਿਲੱਖਣ ਕਿਸਮ ਦੀ ਕਾਵਿ-ਚੇਤਨਾ ਅਤੇ ਪ੍ਰਗਟਾਉ-ਵਿਧੀ ਦੇ ਹਵਾਲੇ ਨਾਲ ਇਕਬਾਲ ਨੂੰ ਚਰਚਾਯੋਗ ਨਵੀਂ ਪਛਾਣ ਹੀ ਪ੍ਰਦਾਨ ਨਹੀਂ ਕੀਤੀ ਸਗੋਂ ਆਵਾਸ ਅਤੇ ਪ੍ਰਵਾਸ ਦੀ ਲੀਕ ਨੂੰ ਮੇਟ ਕੇ ਅਨੁਭਵ ਅਤੇ ਬੋਧ ਦੇ ਨਵੇਂ ਦਿਸਹੱਦਿਆਂ ਨੂੰ ਉਜਾਗਰ ਕਰਨ ਦਾ ਉਪਰਾਲਾ ਵੀ ਕੀਤਾ ਹੈ।

ਇਸੇ ਤਰ੍ਹਾਂ 2000 ਵਿਚ ਪ੍ਰਕਾਸ਼ਿਤ ਹੋਈ ਉਸਦੀ ਅਗਲੇਰੀ ਕਾਵਿ-ਰਚਨਾ ਪਲੰਘ ਪੰਘੂੜਾ ਨੇ ਵੀ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਨਾਟ-ਕਾਵਿ ਦੀ ਵਿਧਾ ਅਨੁਸਾਰ ਰਚੀ ਗਈ ਇਹ ਰਚਨਾ ਪੂਰਨ ਭਗਤ ਦੀ ਲੋਕ-ਗਾਥਾ ਨੂੰ ਅਜੋਕੇ ਸੰਦਰਭ ਵਿਚ ਵਿਸਥਾਪਿਤ ਕਰਕੇ ਅਰਥ-ਸਾਰਥਕਤਾ ਦਾ ਨਵਾਂ ਸੰਗਠਨ ਉਸਾਰਦੀ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਸਦਾ ਕਾਵਿਕ ਪ੍ਰਵਚਨ ਪੰਜਾਬੀ ਵਿਰਸੇ ਦੇ ਲੋਕ-ਪ੍ਰਸਿੱਧ ਬਿਰਤਾਂਤ ਦੀ ਪੁਨਰ-ਵਿਆਖਿਆ ਹੀ ਪੇਸ਼ ਨਹੀਂ ਕਰਦਾ ਸਗੋਂ ਇਸ ਵਿਚਲੀਆਂ ਪ੍ਰਮੁਖ ਨਾਟਕੀ ਸਥਿਤੀਆਂ ਦੀ ਪੁਨਰ-ਉਸਾਰੀ ਕਰਨ ਦੀ ਖੁਲ੍ਹ ਵੀ ਲੈਂਦਾ ਹੈ। ਇਹ ਪਰੰਪਰਕ ਨੈਤਿਕਤਾ ਅਤੇ ਮਰਿਆਦਾ ਨੂੰ ਆਧਾਰ ਬਣ ਕੇ ਸਿਰਜੇ ਗਏ ਨਾਇਕ ਦੇ ਸੰਕਲਪ ਨੂੰ ਵਿਖੰਡਿਤ ਕਰਨ ਵਲ ਰੁਚਿਤ ਹੁੰਦਾ ਹੈ ਅਤੇ ਜੀਵਨ ਦੀ ਵਾਸਤਵਿਕਤਾ ਨਾਲੋਂ ਟੁੱਟੀਆਂ ਹੋਈਆਂ ਆਦਰਸ਼-ਮੁਖੀ ਸਥਿਤੀਆਂ ਉੱਤੇ ਸਵਾਲੀਆ ਨਿਸ਼ਾਨ ਲਾਉਂਦਾ ਹੈ। ਮਿਸਾਲ ਵਜੋਂ ਇਸ ਨਾਟ-ਕਾਵਿ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਪਿਘਲਿਆ ਨਰ ਅਚੇਤਨ ਹੀ
ਬੀਵੀ ਦੇ ਖ਼ਿੜੇ ਬੇਪਰਦ ਅੰਗਾਂ 'ਚੋਂ
ਜਨਣੀ ਦੀ ਗੁਆਚੀ ਧੁੱਪ ਸੁੰਘਦਾ ਹੈ। . . .
ਇਨ੍ਹਾਂ ਭਖਦੇ ਪਲਾਂ ਅੰਦਰ
ਨਾਰ ਵੀ ਮਾਂ ਤੇ ਬੀਵੀ ਦਾ
ਸੁਨੱਖਾ ਜੋੜ ਹੁੰਦੀ ਹੈ;
ਖਿੜੀ ਮਹਿੰਦੀ ਤੇ ਲੋਰੀ ਦਾ
ਉਹ ਭਰਵਾਂ ਤੋਲ ਹੁੰਦੀ ਹੈ!

ਅਵਚੇਤਨ ਦੀਆਂ ਗਹਿਰਾਈਆਂ ਵਿਚੋਂ ਉੱਭਰਨ ਵਾਲੇ ਇਹ ਬੇਪਰਦ ਬੋਲ ਰਵਾਇਤੀ ਕਿਸਮ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਨੂੰ ਚੁਣੌਤੀ ਦੇਣ ਵਾਲੇ ਹਨ। ਕਵਿਤਾ ਮੈਨੂੰ ਲਿਖਦੀ ਹੈ ਦੇ ਕਾਵਿ-ਸੰਗਠਨ ਵਾਂਗ ਪਲੰਘ ਪੰਘੂੜਾ ਦਾ ਕਾਵਿ-ਪ੍ਰਵਚਨ ਵੀ ਅਰਥਾਂ ਦੇ ਨਵੇਂ ਆਯਾਮ ਸਿਰਜਦਾ ਹੈ। ਸੱਚ ਤਾਂ ਇਹ ਹੈ ਕਿ ਇਕਬਾਲ ਦੀ ਸਿਰਜਣਾਤਮਕ ਪ੍ਰਤਿਭਾ ਦਾ ਵਾਸਤਵਿਕ ਜਲੌ ਇਨ੍ਹਾਂ ਦੋਹਾਂ ਕਾਵਿ-ਪੁਸਤਕਾਂ ਦੇ ਮਾਧਿਅਮ ਰਾਹੀਂ ਹੀ ਪ੍ਰਗਟ ਹੁੰਦਾ ਹੈ। ਪਰ ਇਨ੍ਹਾਂ ਦੋਹਾਂ ਦੀ ਰਚਨਾ-ਜੁਗਤ ਅਤੇ ਕਾਵਿ-ਚੇਤਨਾ ਤਤਕਾਲੀ ਸਮੀਖਿਆ ਅਤੇ ਪਰੰਪਰਕ ਕਾਵਿ-ਸ਼ਾਸਤਰ ਦੀ ਪਕੜ ਤੋਂ ਬਾਹਰ ਸੀ। ਇਨ੍ਹਾਂ ਦਾ ਹਕੀਕੀ ਮੁੱਲ ਪਾਉਣ ਲਈ ਨਵਾਂ ਕਾਵਿ-ਸ਼ਾਸਤਰ ਅਤੇ ਨਵੀਂ ਕਾਵਿ-ਦ੍ਰਿਸ਼ਟੀ ਲੋੜੀਂਦੀ ਸੀ। ਪੰਜਾਬੀ

ਅਕਾਦਮਿਕਤਾ ਦੇ ਖੇਤਰ ਵਿਚ ਵਿਕਸਿਤ ਹੋ ਰਹੀ ਨਵੀਂ ਆਲੋਚਨਾਤਮਕ ਸੂਝ ਕਾਰਣ ਅਜਿਹਾ ਹੋਇਆ ਵੀ। ਇਹੀ ਕਾਰਣ ਹੈ ਕਿ ਪੰਜਾਬੀ ਦੇ ਸਮਰੱਥਾਵਾਨ ਆਲੋਚਕਾਂ ਨੇ ਇਨ੍ਹਾਂ ਦੋਹਾਂ ਕਾਵਿ-ਪੁਸਤਕਾਂ ਦਾ ਖ਼ੈਰਮਕਦਮ ਵੀ ਕੀਤਾ ਅਤੇ ਅਜੋਕੇ ਦੌਰ ਵਿਚ ਸਾਮ੍ਹਣੇ ਆਈਆਂ ਨਵੀਨ ਆਲੋਚਨਾ-ਦ੍ਰਿਸ਼ਟੀਆਂ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਵਾਚਣ ਅਤੇ ਵਿਚਾਰਨ ਦਾ ਉਪਰਾਲਾ ਵੀ ਕੀਤਾ ।

ਦੇਵਿੰਦਰ ਸੈਫ਼ੀ ਦੀ ਨਵ-ਪ੍ਰਕਾਸ਼ਿਤ ਪੁਸਤਕ ਇਕਬਾਲ ਰਾਮੂਵਾਲੀਆ ਕਾਵਿ : ਉੱਤਰ-ਆਧਨਿਕ ਪਰਿਪੇਖ ਵੀ ਇਸੇ ਦਿਸ਼ਾ ਵਲ ਪੁੱਟਿਆ ਗਿਆ ਅਤਿਅੰਤ ਸਾਰਥਕ ਅਤੇ ਮਹੱਤਵਪੂਰਣ ਕਦਮ ਹੈ। ਇਹ ਆਲੋਚਨਾ-ਪੁਸਤਕ ਇਕਬਾਲ ਰਾਮੂਵਾਲੀਆ ਦੇ ਕਾਵਿ-ਜਗਤ ਦੀ ਸਿਰਜਣਤਮਕ ਵਿਲੱਖਣਤਾ ਦਾ ਚਿੰਤਨਸ਼ੀਲ ਅਤੇ ਸੂਖਮ ਵਿਸ਼ੇਸ਼ਣ ਕਰਨ ਵਲ ਰੁਚਿਤ ਹੈ। ਇਸ ਮੰਤਵ ਲਈ ਲੇਖਕ ਨੇ ਵਿਸ਼ਵੀਕਰਣ ਦੇ ਅਜੋਕੇ ਦੌਰ ਵਿਚ ਵਿਕਸਿਤ ਹੋ ਰਹੀ ਉੱਤਰ-ਆਧੁਨਿਕ ਸਥਿਤੀ ਅਤੇ ਸੋਚ ਨਾਲ ਰਾਬਤਾ ਕਇਮ ਕਰਨ ਦਾ ਉਪਰਾਲਾ ਕੀਤਾ ਹੈ ਅਤੇ ਇਸੇ ਨੂੰ ਆਪਣੇ ਅਧਿਐਨ ਤੇ ਵਿਸ਼ਲੇਸ਼ਣ ਦਾ ਮੂਲ ਆਧਾਰ ਬਣਾਇਆ ਹੈ।

ਉੱਤਰ-ਆਧੁਨਿਕਤਾ ਬੁਨਿਅਦੀ ਤੌਰ ਤੇ ਪੱਛਮ ਦੇ ਵਿਕਸਿਤ ਪੂੰਜੀਵਾਦੀ ਪ੍ਰਬੰਧ ਦੀ ਦੇਣ ਹੈ। ਸਮਕਾਲੀ ਚਿੰਤਕ ਫਰੈਡ੍ਰਿਕ ਜੇਮਸਨ ਨੇ ਇਸਨੂੰ ਬਿਰਧ ਪੂੰਜੀਵਾਦ ਦਾ ਸਭਿਆਚਾਰਕ ਵਿਵੇਕ ਆਖਿਆ ਹੈ। ਗਲੋਬਲ ਪੱਧਰ ਉੱਤੇ ਉੱਸਰ ਰਹੀ ਨਵੀਂ ਵਿਸ਼ਵ-ਵਿਵਸਥਾ ਸੂਚਨਾ ਅਤੇ ਸੰਚਾਰ ਦੇ ਵਿਭਿੰਨ ਮਾਧਿਅਮਾਂ ਰਾਹੀਂ ਬਹੁ-ਰਾਸ਼ਟਰੀ ਸਰਮਾਏ ਦਾ ਨਿਯੰਤਰਣ ਸਥਾਪਿਤ ਕਰਨ ਵਲ ਰੁਚਿਤ ਹੈ। ਇਸ ਨਵੀਂ ਵਿਵਸਥਾ ਨੇ ਵਿਸ਼ੇਸ਼ ਭਾਂਤ ਦੇ ਖਪਤ-ਸਭਿਆਚਾਰ ਨੂੰ ਉਤਸਾਹਿਤ ਕਰਕੇ ਪਰੰਪਰਕ ਜੀਵਨ-ਮੁੱਲਾਂ, ਮਨੁੱਖੀ ਰਿਸ਼ਤਿਆਂ ਅਤੇ ਸਾਮਾਜਿਕ ਸੰਸਥਾਵਾਂ ਨੂੰ ਵਿਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸੇ ਵਿਚ ਹੀ ਉੱਤਰ-ਆਧੁਨਿਕ ਸਥਿਤੀ ਅਤੇ ਸੋਚ ਦੇ ਬੀਜ ਛੁਪੇ ਹੋਏ ਹਨ। ਉੱਤਰ-ਆਧੁਨਿਕ ਸੋਚ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਤਰਕ ਦੀ ਸਰਦਾਰੀ ਉੱਤੇ ਬਲ ਦੇਣ ਵਾਲੇ ਆਧੁਨਿਕਵਾਦੀ ਗਿਆਨ-ਪ੍ਰਬੰਧ ਦੀ ਇਜਾਰੇਦਾਰੀ ਨੂੰ ਵੰਗਾਰਦੀ ਹੈ ਅਤੇ ਗਿਆਨ ਦੇ ਬਦਲਵੇਂ ਸਮਾਨੰਤਰ ਪ੍ਰਬੰਧਾਂ ਨੂੰ ਮਾਨਤਾ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਇਹ ਖੇਤਰੀ ਸਭਿਆਚਾਰਾਂ ਅਤੇ ਹਾਸ਼ੀਆਕ੍ਰਿਤ ਵਰਗਾਂ ਨੂੰ ਬਰਾਬਰ ਦੀ ਸਪੇਸ ਪ੍ਰਦਾਨ ਕਰਕੇ ਭਿੰਨਤਾਵਾਂ ਦਾ ਆਦਰ ਕਰਨਾ ਸਿਖਾਉਂਦੀ ਹੈ।

ਦੇਵਿੰਦਰ ਸੈਫ਼ੀ ਨੇ ਆਪਣੀ ਪੁਸਤਕ ਵਿਚ ਸੱਭ ਤੋਂ ਪਹਿਲਾਂ ਬੜੀ ਖ਼ੁਸ਼-ਅਸਲੂਬੀ ਨਾਲ ਉੱਤਰ-ਆਧੁਨਿਕ ਦ੍ਰਿਸ਼ਟੀ ਦੀ ਸੰਕਲਪਗਤ ਪਛਾਣ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਉੱਤਰ-ਆਧੁਨਿਕਤਾ ਨੂੰ ਅਧੁਨਿਕਤਾ ਦੀ ਉੱਤਰ-ਸਥਿਤੀ ਵਜੋਂ ਪਰਿਭਾਸ਼ਿਤ ਕਰਦਿਆਂ ਉਸਨੇ ਦੋਹਾਂ ਦ੍ਰਿਸ਼ਟੀਆਂ ਦਾ ਤੁਲਨਾਤਮਕ ਪਰਿਪੇਖ ਉਸਰਨ ਦਾ ਜਤਨ ਕੀਤਾ ਹੈ। ਇਸ ਮੰਤਵ ਲਈ ਉਸਨੇ ਸਮਕਾਲੀ ਪੱਛਮੀ ਚਿੰਤਕਾਂ ਅਤੇ ਭਾਰਤੀ ਵਿਦਵਾਨਾਂ ਦੇ ਸਿੱਧਾਂਤ-ਚਿੰਤਨ ਨਾਲ ਸਾਂਝ ਪਾਉਣ ਦੀ ਚੇਸ਼ਟਾ ਕੀਤੀ ਹੈ। ਇਨ੍ਹਾਂ ਵਿਭਿੰਨ ਚਿੰਤਕਾਂ ਦੇ ਹਵਾਲੇ ਨਾਲ ਉਸਨੇ ਦੋਹਾਂ ਦ੍ਰਿਸ਼ਟੀਆਂ ਦੇ ਅਹਿਮ ਪਛਾਣ-ਚਿੰਨ੍ਹਾਂ ਦਾ ਸੂਤਰ ਰੂਪ ਵਿਚ ਉਲੇਖ ਕੀਤਾ ਹੈ। ਉਸਦੇ ਸ਼ਬਦਾਂ ਵਿਚ "ਆਧੁਨਿਕਵਾਦੀ ਚਿੰਤਨ ਆਪਣਾ ਨਿਸ਼ਚਿਤ ਸਰੂਪ ਬਣਾਉਂਦਾ ਹੋਇਆ ਆਪਣੇ ਵਿਚਾਰ-ਸਥਲ ਦੇ ਅਹਿਮ ਪਛਾਣ-ਚਿੰਨ੍ਹਾਂ ਗਿਆਨਕਰਨ, ਤਰਕ, ਵਿਗਿਆਨਕ ਦ੍ਰਿਸ਼ਟੀ, ਕੇਂਦਰੀਕਰਨ, ਪੂਰਨਤਾ ਆਦਿ ਸਮੇਤ ਦ੍ਰਿਸ਼ਟਮਾਨ ਹੁੰਦਾ ਹੈ।" (ਪੰਨਾ – 13-14)

ਇਸੇ ਤਰ੍ਹਾਂ ਉਸਨੇ 'ਉੱਤਰ-ਆਧੁਨਿਕਤਾ ਦਾ ਖਾਕਾ ਤਿਆਰ ਕਰਨ ਲਈ' ਨਿਮਨ-ਅੰਕਿਤ ਪੰਜ ਸੂਤਰਾਂ ਦਾ ਉਲੇਖ ਕੀਤਾ ਹੈ :

1. ਵਿਭਿੰਨ ਸੰਸਕ੍ਰਿਤੀਆਂ, ਸਮਾਜਾਂ, ਸਭਿਆਚਾਰਾਂ ਦੀ ਵਿਲੱਖਣ ਗੌਰਵਸ਼ੀਲਤਾ ਦੀ ਸਵੀਕ੍ਰਿਤੀ
2. ਗਿਆਨ ਅਨੁਸ਼ਾਸਨਾਂ ਦਾ ਵਿਕੇਂਦਰੀਕਰਨ ਤੇ ਮੰਡੀਕਰਨ
3. ਸਨਮਾਨਿਤ ਸਮਨਾਂਤਰਤਾ
4. ਉਪਭੋਗੀ ਅਤੇ ਮਕਾਨਕੀ ਹੋਂਦ ਦੀ ਵਿਡੰਬਨਾ
5. ਲਿਖਤ ਵਰਤਾਰਿਆ ਪ੍ਰਤਿ ਅੰਤਰ-ਪਾਠੀ ਤੇ ਵਿਰਚਨਾ ਦ੍ਰਿਸ਼ਟੀ

ਇਸ ਤੋਂ ਉਪਰੰਤ ਉਹ ਉੱਤਰ-ਆਧੁਨਿਕ ਸਾਹਿਤ-ਸੰਕਲਪ ਅਤੇ ਆਲੋਚਨਾ-ਦ੍ਰਿਸ਼ਟੀ ਨਾਲ ਜਾਣ ਪਛਾਣ ਕਰਾਉਂਦਾ ਹੈ। ਇਸ ਸਮੁੱਚੇ ਉਪਰਾਲੇ ਰਾਹੀ ਦੇਵਿੰਦਰ ਸੈਫ਼ੀ ਆਪਣੀ ਵਿਚਾਰ-ਅਧੀਨ ਰਚਨਾ ਦਾ ਅਧਿਐਨ-ਮਾੱਡਲ ਉਸਾਰਦਾ ਹੈ ਜੋ ਇਕਬਾਲ ਕਾਵਿ ਦੇ ਵਿਹਾਰਕ ਵਿਸ਼ਲੇਸ਼ਣ ਦਾ ਆਧਾਰ ਹੋ ਨਿਬੜਦਾ ਹੈ। ਭਾਵੇਂ ਲੇਖਕ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਇਹ ਨਵ-ਵਿਕਸਿਤ ਉੱਤਰ-ਅਧੁਨਿਕ ਆਲੋਚਨਾ ਦ੍ਰਿਸ਼ਟੀ ਕਿਸੇ ਹੱਦ ਤਕ ਵਿਵਾਦ-ਗ੍ਰਸਤ ਹੈ ਪਰ ਉਹ ਇਸ ਵਾਦ-ਵਿਵਾਦ ਦੇ ਮੁੱਦਿਆਂ ਨੂੰ ਛੁਹਣ ਤੋਂ ਗ਼ੁਰੇਜ਼ ਕਰਦਾ ਹੈ। ਉਹ ਆਪਣੀ ਸਾਰੀ ਊਰਜਾ ਇਕਬਾਲ ਰਾਮੂਵਾਲੀਆ ਦੇ ਕਾਵਿਲੋਕ ਦੇ ਆਲੇ ਦੁਆਲੇ ਫੈਲੇ ਹੋਏ ਉੱਤਰ-ਆਧੁਨਿਕ ਪਰਿਪੇਖ ਦਾ ਨਿਕਟ ਅਧਿਐਨ ਕਰਨ ਉੱਤੇ ਲਾ ਦਿੰਦਾ ਹੈ ਜੋ ਆਪਣੀਆਂ ਕੁਝ ਇਕ ਸੀਮਾਵਾਂ ਦੇ ਬਾਵਜੂਦ ਅਤਿਅੰਤ ਪ੍ਰਭਾਵਸ਼ਾਲੀ ਵੀ ਹੈ ਅਤੇ ਵਿਵੇਕਪੂਰਣ ਵੀ। ਪੁਸਤਕ ਦੇ ਆਰੰਭ ਵਿਚ ਹੀ ਉਹ ਨਿਮਨ-ਅੰਕਿਤ ਕਥਨ ਰਹੀਂ ਇਸ ਅਲੋਚਨਾ-ਦ੍ਰਿਸ਼ਟੀ ਨੂੰ ਆਪਣੇ ਹਥਲੇ ਵਿਸ਼ਲੇਸ਼ਣ ਲਈ ਤਰਕਸੰਗਤ ਸਿੱਧ ਕਰਨ ਦਾ ਜਤਨ ਕਰਦਾ ਹੈ।

"ਇਸਦਾ {ਅਰਥਾਤ ਉੱਤਰ-ਆਧੁਨਿਕ ਆਲੋਚਨਾ ਦਾ} ਸਹਾਰਾ ਇਸ ਲਈ ਲਿਆ ਗਿਆ ਹੈ ਕਿ ਇਕਬਾਲ ਰਾਮੂਵਾਲੀਆ ਦੇ ਕਾਵਿ-ਨੈਣਾਂ ਨੇ ਉਨ੍ਹਾਂ ਸੂਖਮ ਤੇ ਸਥੂਲ ਵਿਡੰਬਨੀ ਵਰਤਾਰਿਆਂ ਨੂੰ ਦ੍ਰਿਸ਼ਟੀਗਤ ਕੀਤਾ ਹੈ ਜੋ ਸਪਸ਼ਟ ਤੌਰ ਤੇ ਪੱਛਮ ਦੀ ਨਵ-ਉਪਨਿਵੇਸ਼ਕ ਸੰਸਕ੍ਰਿਤੀ ਦੁਆਰਾ ਪ੍ਰੇਰਿਤ ਹਨ।. . . ਇਕਬਾਲ ਰਾਮੂਵਾਲੀਆ ਮੂਲ ਤੌਰ ਤੇ ਉੱਤਰ-ਆਧੁਨਿਕ ਦ੍ਰਿਸ਼ਟੀ ਵਾਲਾ ਕਵੀ ਨਹੀਂ ਸੀ ਬਲਕਿ ਉਸਦਾ ਪ੍ਰਵਾਸ ਧਾਰਣ ਕਰਨ ਤੋਂ ਬਾਦ ਦਾ ਸਿਰਜਣਾ-ਪੜਾਅ ਹੀ ਇਸ ਦ੍ਰਿਸ਼ਟੀ ਸੰਗ ਆਤਮਸਾਤ ਕਰਦਾ ਹੈ।" (ਪੰਨਾ - 9)

ਪੁਸਤਕ ਦਾ ਅਗਲੇਰਾ ਖੰਡ ਵਿਹਾਰਕ ਆਲੋਚਨਾ ਨਾਲ ਸੰਬੰਧਿਤ ਹੈ। ਇਹ ਲੇਖਕ ਦੇ ਆਲੋਚਨਾ-ਵਿਹਾਰ ਦੀ ਵਾਸਤਵਿਕ ਸ਼ਕਤੀ ਨੂੰ ਪ੍ਰਦਰਸ਼ਿਤ ਕਰਦਾ ਹੈ। ਇਕਬਾਲ ਰਾਮੂਵਾਲੀਆ ਦੇ ਕਾਵਿਲੋਕ ਨੂੰ ਉੱਤਰ-ਆਧੁਨਿਕ ਪਰਿਪੇਖ ਵਿਚ ਰੱਖ ਕੇ ਵਾਚਣ ਤੋਂ ਪਹਿਲਾਂ ਉਹ ਆਧੁਨਿਕ ਪੰਜਾਬੀ ਕਵਿਤਾ ਵਿਚ ਲੁਕੇ ਹੋਏ ਉਨ੍ਹਾਂ ਸੂਤਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਉੱਤਰ-ਆਧੁਨਿਕ ਸੋਚ ਦੀ ਪ੍ਰਤਿਨਿਧਤਾ ਕਰਦੇ ਹਨ। ਇਸ ਤੋਂ ਉਪਰੰਤ ਉਹ ਇਕਬਾਲ ਰਾਮੂਵਾਲੀਆ ਦੇ ਸਿਰਜਣਾਤਮਕ ਸਫ਼ਰ ਨਾਲ ਸਾਂਝ ਪਾਉਂਦਾ ਹੋਇਆ ਉਸਦੀਆਂ ਮੁੱਢਲੀਆਂ ਕਾਵਿ-ਪੁਸਤਕਾਂ ਨੂੰ ਵੀ ਇਸੇ ਦ੍ਰਿਸ਼ਟੀ ਤੋਂ ਵਾਚਦਾ ਹੈ।

ਦੇਵਿੰਦਰ ਸੈਫ਼ੀ ਦੇ ਇਸ ਆਲੋਚਨਾ ਵਿਹਾਰ ਦਾ ਹਕੀਕੀ ਗੌਰਵ ਕਵਿਤਾ ਮੈਨੂੰ ਲਿਖਦੀ ਹੈ ਅਤੇ ਪਲੰਘ ਪੰਘੂੜਾ ਕਾਵਿ-ਪੁਸਤਕਾਂ ਦੇ ਵਿਸ਼ਲੇਸ਼ਣ ਰਾਹੀਂ ਉਘੜਦਾ ਹੈ। ਇਨ੍ਹਾਂ ਦੋਹਾਂ ਕਾਵਿ-ਪੁਸਤਕਾਂ ਨੂੰ ਉੱਤਰ-ਆਧੁਨਿਕਤਾ ਦੇ ਪਰਿਪੇਖ

ਵਿਚ ਰੱਖ ਕੇ ਵਾਚਦਿਆਂ ਉਹ ਇਸ ਆਲੋਚਨਾ-ਦ੍ਰਿਸ਼ਟੀ ਦੇ ਪ੍ਰਮੁੱਖ ਸੂਤਰਾਂ ਦੀ ਢੁਕਵੀਂ ਵਰਤੋਂ ਕਰਦਾ ਹੈ ਜੋ ਅਤਿਅੰਤ ਵਿਵੇਕਪੂਰਣ ਅਤੇ ਪ੍ਰਭਾਵਸ਼ਾਲੀ ਹੈ।

ਮਿਸਾਲ ਵਜੋਂ ਕਵਿਤਾ ਮੈਨੂੰ ਲਿਖਦੀ ਹੈ ਕਾਵਿ-ਪੁਸਤਕ ਦਾ ਵਿਸ਼ਲੇਸ਼ਣ ਕਰਦਿਆਂ ਉਹ ਇਸਦੇ ਪਾਠ-ਪ੍ਰਬੰਧ ਵਿਚ ਕਾਰਜਸ਼ੀਲ ਉਨ੍ਹਾਂ ਵਿਚਾਰ ਸੂਤਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਉੱਤਰ-ਆਧੁਨਿਕਤਾ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ ਇਕ ਸੂਤਰ ਹੈ - ਮਹਾਂਬਿਰਤਾਂਤਾਂ ਅਤੇ ਆਦਰਸ਼ਕ ਚਿਹਨਾਂ ਉੱਪਰ ਪ੍ਰਸ਼ਨ-ਚਿੰਨ੍ਹ। ਇਸ ਵਿਚਾਰ-ਸੂਤਰ ਨੂੰ ਉਹ ਮੱਧਕਾਲੀ ਅਤੇ ਆਧੁਨਿਕਵਾਦੀ ਕਾਵਿ-ਸਿਰਜਣ ਦੇ ਤੁਲਨਾਤਮਕ ਪਰਿਪੇਖ ਵਿਚ ਰੱਖ ਕੇ ਇਕਬਾਲ ਕਾਵਿ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ 'ਇਹ' ਕਵਿਤਾ ਦੇ ਹਵਾਲੇ ਨਾਲ ਉਸਦੀ ਉੱਤਰ-ਆਧੁਨਿਕ ਸੋਚ ਨੂੰ ਪ੍ਰਮਾਣਿਤ ਕਰਦਾ ਹੈ।ਇਸ ਕਵਿਤਾ ਦੀਆਂ ਵਿਚਾਰ-ਅਧੀਨ ਸਤਰਾਂ 'ਔਰਤ ਦੇ ਤਵਾਇਫ਼ੀ ਰੂਪ ਨੂੰ ਸਮਾਜਕ-ਨੀਤੀ-ਪੈਮਾਨਿਆਂ ਦੇ ਸਮਵਿਥ ਰੱਖ ਕੇ' ਉਸਾਰਦੀਆਂ ਹਨ :

ਇਹ ਖ਼ੂਬ ਜਾਣਦੀਆਂ ਨੇ
ਕਿ ਖ਼ਤਰਨਾਕ ਨੰਗੇਜ
ਅਸਲ ਵਿਚ ਰੂਹਾਂ 'ਚ ਹੁੰਦਾ ਹੈ
ਕਿ ਸ਼ਰੀਫ਼ ਪਹਿਰਾਵੇ
ਜਿਸਮ ਦੀ ਸ਼ਰਾਫ਼ਤ ਦੀ
ਲਾਜ਼ਮੀ ਨਿਸ਼ਾਨੀ ਨਹੀਂ ਹੁੰਦੇ

ਉਸਦੇ ਸ਼ਬਦਾਂ ਵਿਚ "ਪਰੰਪਰਾਵਦੀ ਤੇ ਆਧੁਨਿਕਵਾਦੀ ਆਦਰਸ਼ਕ ਪਾਠਾਂ ਵਿਚ ਔਰਤ ਤੇ ਵਿਸ਼ੇਸ਼ ਕਰਕੇ ਤਵਾਇਫ਼ ਬਣੀ ਔਰਤ ਨੂੰ ਹਾਸ਼ੀਏ ਤੇ ਰੱਖ ਕੇ ਇਨ੍ਹਾਂ ਨੂੰ ਇਹੋ ਜਿਹੇ ਜੀਵਨ ਵਲ ਧਕੇਲਣ ਵਾਲੀਆਂ ਜਿਨ੍ਹਾਂ ਪਰਿਸਥਿਤੀਆਂ ਨੂੰ ਨੀਤੀ ਦੀਆਂ ਧਾਰਣੀ ਮੰਨਿਆਂ ਜਾਂਦਾ ਸੀ, ਉੱਤਰ-ਆਧੁਨਿਕ ਲੇਖਕ ਲਈ ਉਹ ਸਭ, ਔਰਤ ਦੇ ਤਵਾਇਫ਼ੀ ਰੂਪ ਲਈ ਜ਼ਿੰਮੇਵਾਰ ਹਨ।" (ਪੰਨਾ - 69-70) ਇਸੇ ਤਰ੍ਹਾਂ ਉਹ ਇਸ ਕਾਵਿ-ਪੁਸਤਕ ਦੇ ਵਿਧੀਗਤ ਪਰਿਪੇਖ ਨੂੰ ਵੀ ਉੱਤਰ-ਆਧੁਨਿਕ ਪ੍ਰਗਟਾਉ-ਵਿਧੀਆਂ ਦੇ ਮਾਧਿਅਮ ਰਾਹੀਂ ਵਿਚਾਰਦਾ ਹੈ।

ਇਕਬਲ ਦੀ ਅਗਲੇਰੀ ਕਾਵਿ-ਪੁਸਤਕ ਪਲੰਘ ਪੰਘੂੜਾ ਦੇ ਪਾਠ-ਪ੍ਰਬੰਧ ਨੂੰ ਇਸੇ ਤਰ੍ਹਾਂ ਦੀ ਆਲੋਚਨਾ-ਦ੍ਰਿਸ਼ਟੀ ਰਾਹੀਂ ਵਾਚਦਿਆਂ ਦੇਵਿੰਦਰ ਸੈਫ਼ੀ ਨੇ ਇਸਦੇ ਉੱਤਰ-ਆਧੁਨਿਕ ਪਰਿਪੇਖ ਨੂੰ ਸਪਸ਼ਟ ਕਰਨ ਦਾ ਉਪਰਾਲਾ ਕੀਤਾ ਹੈ। ਉਹ ਇਸਦੇ ਕਾਵਿ-ਪਾਠ ਵਿਚ ਪੇਸ਼ ਹੋਏ ਪੂਰਨ ਦੇ ਕਥਾ-ਪ੍ਰਸੰਗਾਂ ਨੂੰ ਪੰਜਾਬੀ ਵਿਰਸੇ ਦਾ ਅਨਿੱਖੜ ਅੰਗ ਬਣੀ ਪੂਰਨ ਭਗਤ ਦੀ ਲੋਕ ਗਥਾ ਅਤੇ ਇਸ ਗਾਥਾ ਉੱਪਰ ਉੱਸਰੇ ਪੂਰਬਲੇ ਸਾਹਿਤਕ ਪਾਠਾਂ ਨੂੰ ਵੀ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕਰਦਾ ਹੈ। ਕਾਦਰਯਾਰ, ਪ੍ਰੋਫੈਸਰ ਪੂਰਨ ਸਿੰਘ ਅਤੇ ਸ਼ਿਵ ਕੁਮਾਰ ਦੇ ਰਚੇ ਹੋਏ ਆਧੁਨਿਕਵਾਦੀ ਪਾਠਾਂ ਦੇ ਤੁਲਨਾਤਮਕ ਪਰਿਪੇਖ ਨੂੰ ਸਾਮ੍ਹਣੇ ਰੱਖ ਕੇ ਉਸਨੇ ਇਕਬਾਲ ਕਾਵਿ ਦੀ ਸਿਰਜਣਾਤਮਕ ਵਿਲੱਖਣਤਾ ਨੂੰ ਭਲੀ ਭਾਂਤ ਉਜਾਗਰ ਕਰ ਦਿੱਤਾ ਹੈ। ਇਸ ਮੰਤਵ ਲਈ ਉਹ ਮਨੋਵਿਸ਼ਲੇਸ਼ਣ ਦੇ ਖੇਤਰ ਵਿਚ ਵਿਕਸਿਤ ਹੋਏ ਈਡੀਪਸ ਅਤੇ ਐਂਟੀ-ਈਡੀਪਸ ਦੇ ਸੰਕਲਪਾਂ ਦੀ ਸਹਾਇਤਾ ਲੈਂਦਾ ਹੈ। ਇਸ ਦ੍ਰਿਸ਼ਟੀ ਤੋਂ ਇਕਬਾਲ ਦੇ ਕਾਵਿਲੋਕ ਵਿਚਲਾ ਪੂਰਨ ਲੋਕ-ਗਾਥਾ ਵਿਚਲੇ ਪੂਰਨ ਨਾਲੋਂ ਬਿਲਕੁਲ ਵੱਖਰਾ ਹੋ ਨਿਬੜਦਾ ਹੈ।

ਸਮਕਾਲੀ ਚਿੰਤਕਾਂ, ਗਿੱਲੇ ਦਿਲਿਊਜ਼ ਤੇ ਗੁਆਤਰੀ, ਦੇ ਹਵਾਲੇ ਨਾਲ ਉਹ ਇਸ ਗਥਾ ਦੇ ਵਿਭਿੰਨ ਪਾਤਰਾਂ ਦੇ ਮਾਨਸਿਕ ਅਵਚੇਤਨ ਦਾ ਵਿਸ਼ਲੇਸ਼ਣ ਕਰਦਿਆ ਕਾਮਨਾ ਦੀ ਦਵੰਦਾਤਮਕਤਾ ਨੂੰ ਫਰੋਲਦਾ ਹੈ। ਉਸਦੇ ਸ਼ਬਦਾਂ ਵਿਚ "ਲੂਣਾ ਨੂੰ ਪਲੰਘ ਵਲ ਤੋਰਦੇ ਹੋਏ ਪੂਰਨ ਦੇ ਐਂਟੀ-ਈਡੀਪਲਿਤ ਖ਼ਾਹਸ਼ੀ ਬੋਲ ਹਨ :

ਇਸ ਵਿਛਾਉਣੇ ਤੇ ਤੂੰ ਮੈਨੂੰ
ਥਾਪੜਾ ਦੇ ਕੇ ਸੁਲਾਅ,
ਮੇਘ ਹੋਈਆਂ ਛਾਤੀਆਂ 'ਚੋਂ
ਛਲਕਦੀ ਲੋਰੀ ਚੁੰਘਾਅ!
ਮੇਰਿਆਂ ਅੰਗਾਂ 'ਚੋਂ ਹੀ
ਸਲਵਾਨ ਸੁੱਤੇ ਨੂੰ ਉਠਾ ਕੇ
ਬਲ ਰਹੀ ਚਾਦਰ ਬਣਾ।"

"ਗਿੱਲੇ ਦਿਲਿਊਜ਼ ਤੇ ਗੁਆਤਰੀ ਇੱਛਾਵਾਂ ਦੇ ਜਿਸ ਬਹੁ-ਅੰਤਰ-ਸੰਬੰਧੀ ਅਤੇ ਬਹੁ-ਧਾਰਾਵੀ ਸਵਰੂਪ ਦੀ ਗੱਲ ਕਰਦਿਆਂ ਖੰਡਿਤ ਮਨ ਦੀ ਪੈਦਾਇਸ਼ ਨੂੰ ਜਿਨ੍ਹਾਂ ਪੂੰਜੀਕ੍ਰਿਤ ਤੇ ਫਾਸੀਵਾਦੀ ਪਰਿਸਥਿਤੀਆਂ ਨਾਲ ਸੰਬੰਧਿਤ ਕਰਦੇ ਹਨ ਉਹ ਲੂਣਾ ਤੇ ਪੂਰਨ ਵਿਚਕਾਰਲੇ ਸਥੂਲ ਸੰਬੰਧਾਂ ਪਿੱਛੇ ਵਿਸ਼ੇਸ਼ ਤੌਰ ਤੇ ਕਾਰਜਸ਼ੀਲ ਹਨ। ਇੱਥੇ ਲੂਣਾ ਤੇ ਪੂਰਨ ਦਾ ਆਪਸੀ ਕਾਮ-ਆਕਰਸ਼ਨ ਫਰਾਇਡ ਦੁਆਰਾ ਨਿਰਧਾਰਿਤ ਪਿਤਾ, ਮਾਤਾ ਤੇ ਬੱਚੇ ਦੇ ਤ੍ਰੈਪੱਖੀ ਸੰਬੰਧਾਂ ਅਧੀਨ ਪਨਪਦੀ ਮਾਂ ਤੇ ਬੱਚੇ ਦੀ ਕੁਦਰਤੀ ਜਾਂ ਅਚੇਤਕ ਖਿੱਚ ਦਾ ਹੀ ਪ੍ਰਤਿਫਲ ਨਹੀਂ ਸਗੋਂ ਸਲਵਾਨ ਦਾ ਪ੍ਰਵਾਸੀ ਅਰਥ-ਪ੍ਰਬੰਧ, ਉਪਭੋਗੀ ਪਰਿਸਥਿਤੀ, ਗੁੰਮ ਹੋਇਆ ਪ੍ਰੇਮ-ਅਸਤਿੱਤਵ ਜੋ ਕਿ ਲੂਣਾ ਨੂੰ ਅਕਾਊ ਤੇ ਯੱਖ ਸਥਿਤੀ ਵਲ ਧਕੇਲ ਰਿਹਾ ਹੈ, ਵੀ ਵਿਸ਼ੇਸ਼ ਜ਼ਿੰਮੇਵਾਰ ਹੈ। ਇਸੇ ਤਰ੍ਹਾਂ ਲੂਣਾ ਦੀ ਮਕਾਨਕੀ, ਉਪਭੋਗੀ ਤੇ ਵਸਤੂ-ਵਤਾਵਰਣੀ ਹੋਂਦ ਵੀ ਪੂਰਨ ਪ੍ਰਤਿ ਅਕਰਸ਼ਨ ਲਈ ਉਦੀਪਤ ਕਾਰਜ ਕਰਦੀ ਹੈ . . . ਸਿੱਟੇ ਵਜੋਂ ਪੂਰਨ ਤੇ ਲੂਣਾ ਦੋਹਾਂ ਅੰਦਰਲੇ ਖ਼ਲਾਅ ਤੇ ਬਾਹਰੀ ਵਰਤਾਰੇ ਵੀ ਦੋਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਵਾਲੇ ਹਨ।" (ਪੰਨਾ - 115-16) ਲੇਖਕ ਨੇ ਆਪਣੀ ਆਲੋਚਨਾ-ਦ੍ਰਿਸ਼ਟੀ ਰਾਹੀਂ ਇਸੇ ਕਿਸਮ ਦੀਆਂ ਅਨੇਕਾਂ ਵਿਸ਼ਲੇਸ਼ਣੀ ਸਥਿਤੀਆਂ ਉਸਾਰੀਆਂ ਹਨ ਜੋ ਇਸ ਪੁਸਤਕ ਨੂੰ ਗੌਰਵ ਪ੍ਰਦਾਨ ਕਰੀਆਂ ਹਨ।

ਪੁਸਤਕ ਦੇ ਅੰਤ ਉੱਤੇ ਲੇਖਕ ਨੇ 'ਸੰਵਾਦ : ਸਮੀਖਿਅ-ਸ਼ੰਕਿਆਂ ਤੇ ਸਿਰਜਣਾ-ਸੰਵੇਦਨਾ ਦਾ' ਸਿਰਲੇਖ ਅਧੀਨ ਇਕਬਾਲ ਦੀ ਰਚਨਾ-ਪ੍ਰਕਿਰਿਆ ਨਾਲ ਸੰਬੰਧਿਤ ਕੁਝ ਮਹੱਤਵਪੂਰਣ ਨੁਕਤਿਆਂ ਨੂੰ ਨਜਿੱਠਣ ਦੀ ਚੇਸ਼ਟਾ ਕੀਤੀ ਹੈ। ਇਹ ਰੂਬਰੂ-ਨੁਮਾ ਸੰਵਾਦ ਇਕਬਾਲ ਦੇ ਕਾਵਿਲੋਕ ਦੀ ਅਰਥ-ਸਾਰਥਕਤਾ ਨੂੰ ਹੋਰ ਵਧੇਰੇ ਉਜਾਗਰ ਕਰਦਾ ਹੈ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਦੇਵਿੰਦਰ ਸੈਫ਼ੀ ਦੀ ਇਹ ਆਲੋਚਨਾ-ਪੁਸਤਕ ਉੱਤਰ-ਆਧੁਨਿਕ ਸਥਿਤੀ ਅਤੇ ਸੋਚ ਬਾਰੇ ਡੂੰਘੀ ਜਿਗਿਆਸਾ ਜਗਾਉਂਦੀ ਹੈ ਅਤੇ ਭਰੋਸੇਯੋਗ ਢੰਗ ਨਾਲ ਇਸ ਆਲੋਚਨਾ-ਦ੍ਰਿਸ਼ਟੀ ਦੇ ਸਿੱਧਾਂਤਕ ਸਰੂਪ ਨੂੰ ਸਪਸ਼ਟ ਕਰਨ ਦਾ ਉਪਰਾਲਾ ਕਰਦੀ ਹੈ। ਇਸਦੇ ਨਾਲ ਹੀ ਇਹ ਨਿਹਾਇਤ ਖ਼ੁਸ਼-ਅਸਲੂਬੀ ਨਾਲ ਇਕਬਾਲ-ਕਾਵਿ ਦਾ ਸੂਖਮ ਵਿਸ਼ਲੇਸ਼ਣ ਪੇਸ਼ ਕਰਦੀ ਹੋਈ ਲੇਖਕ ਦੀ ਡੂੰਘੀ ਆਲੋਚਨਾਤਮਕ ਸੂਝ ਦਾ ਪ੍ਰਮਾਣ ਵੀ ਪੇਸ਼ ਕਰਦੀ ਹੈ।